# ਨਿਊਮੋਕੋਕਲ ਕੰਜੂਗੇਟ (PCV 13) ਵੈਕਸੀਨ
# Pneumococcal Conjugate (PCV 13) Vaccine

**ਆਪਣੇ ਬੱਚੇ ਨੂੰ ਸੁਰੱਖਿਅਤ ਰੱਖੋ।**
**ਸਾਰੇ ਟੀਕੇ ਸਮੇਂ ਸਿਰ ਲਵਾਉ।**

ਸਾਰੇ ਟੀਕੇ ਸਮੇਂ ਸਿਰ ਲਵਾਉਣ ਨਾਲ ਤੁਹਾਡੇ ਬੱਚੇ ਦਾ ਉਮਰ ਭਰ ਲਈ ਕਈ ਬੀਮਾਰੀਆਂ ਤੋਂ ਬਚਾਅ ਕੀਤਾ ਜਾ ਸਕਦਾ ਹੈ।

ਇਮਿਊਨਾਈਜ਼ੇਸ਼ਨ ਨੇ ਪਿਛਲੇ 50 ਸਾਲਾਂ ਵਿਚ ਕੈਨੇਡਾ ਵਿਚ ਸਿਹਤ ਦੇ ਕਿਸੇ ਵੀ ਹੋਰ ਉਪਾਅ ਨਾਲੋਂ ਜ਼ਿਆਦਾ ਜਾਨਾਂ ਬਚਾਈਆਂ ਹਨ।

## PCV 13 ਵੈਕਸੀਨ ਕੀ ਹੈ?

PCV 13 ਵੈਕਸੀਨ PCV 7 ਵੈਕਸੀਨ ਦਾ ਬਦਲ ਹੈ ਜੋ ਬੀ.ਸੀ. ਵਿਚ 2003 ਤੋਂ ਵਰਤਿਆ ਜਾ ਰਿਹਾ ਸੀ। PCV 13 ਵੈਕਸੀਨ 13 ਕਿਸਮ ਦੇ ਨਿਊਮੋਕੋਕਲ ਬੈਕਟੀਰੀਆ ਤੋਂ ਹੋਣ ਵਾਲੀ ਇਨਫੈਕਸ਼ਨ ਤੋਂ ਬਚਾਅ ਕਰਦਾ ਹੈ। ਵੈਕਸੀਨ Health Canada (ਹੈੱਲਥ ਕੈਨੇਡਾ) ਵੱਲੋਂ ਪ੍ਰਵਾਨਿਤ ਹੈ।

ਇਮਿਊਨਾਈਜ਼ੇਸ਼ਨ ਦੇ ਬਾਕਾਇਦਾ ਇੱਕ ਹਿੱਸੇ ਵਜੋਂ PCV 13 ਵੈਕਸੀਨ ਤੁਹਾਡੇ ਬੱਚੇ ਲਈ ਮੁਫ਼ਤ ਮੁਹੱਈਆ ਕੀਤਾ ਜਾਂਦਾ ਹੈ। ਐਪੁਆਇੰਟਮੈਂਟ ਬਣਾਉਣ ਵਾਸਤੇ ਆਪਣੇ ਸਥਾਨਕ ਪਬਲਿਕ ਹੈੱਲਥ ਨਰਸ ਜਾਂ ਡਾਕਟਰ ਨੂੰ ਫ਼ੋਨ ਕਰੋ।

## PCV 13 ਵੈਕਸੀਨ ਕਿਸ ਨੂੰ ਲਵਾਉਣਾ ਚਾਹੀਦਾ ਹੈ?

PCV 13 ਵੈਕਸੀਨ ਛੋਟੇ ਬਾਲਾਂ ਨੂੰ ਤਿੰਨ ਖ਼ੁਰਾਕਾਂ ਜਾਂ ਟੀਕਿਆਂ ਦੀ ਇੱਕ ਲੜੀ ਦੇ ਤੌਰ ‘ਤੇ ਲਾਇਆ ਜਾਂਦਾ ਹੈ। ਪਹਿਲੀ ਖ਼ੁਰਾਕ 2 ਮਹੀਨਿਆਂ ਦੀ ਉਮਰ ਤੇ ਅਤੇ ਦੂਜੀ 4 ਮਹੀਨਿਆਂ ਦੀ ਉਮਰ ਤੇ ਅਤੇ ਤੀਜੀ 12 ਮਹੀਨਿਆਂ ਦੀ ਉਮਰ ਤੇ ਦਿੱਤੀ ਜਾਂਦੀ ਹੈ । ਇਹ ਵੈਕਸੀਨ ਬਚਪਨ ਦੀਆਂ ਹੋਰ ਇਮਿਊਨਾਈਜ਼ੇਸ਼ਨਾਂ ਦੇ ਨਾਲ ਉਸੇ ਸਮੇਂ ਹੀ ਦਿੱਤਾ ਜਾਂਦਾ ਹੈ।

| PCV 13 ਵੈਕਸੀਨ | ਵੈਕਸੀਨੇਸ਼ਨ ਵੇਲੇ ਬੱਚੇ ਦੀ ਉਮਰ |
|---|---|
| ਪਹਿਲੀ ਖ਼ੁਰਾਕ | 2 ਮਹੀਨੇ |
| ਦੂਜੀ ਖ਼ੁਰਾਕ | 4 ਮਹੀਨੇ |
| ਤੀਜੀ ਖ਼ੁਰਾਕ | 12 ਮਹੀਨੇ |

ਵੈਕਸੀਨ ਦੀ ਇੱਕ ਵਾਧੂ ਖ਼ੁਰਾਕ 6 ਮਹੀਨਿਆਂ ਦੀ ਉਮਰ ‘ਤੇ ਉਨ੍ਹਾਂ ਬੱਚਿਆਂ ਨੂੰ ਦਿੱਤੀ ਜਾਂਦੀ ਹੈ, ਜਿਨ੍ਹਾਂ ਨੂੰ/ਦੀ :

- ਤਿੱਲੀ ਨਹੀਂ ਹੈ, ਜਾਂ ਤਿੱਲੀ ਠੀਕ ਤਰ੍ਹਾਂ ਕੰਮ ਨਹੀਂ ਕਰ ਰਹੀ;
- ਸਿੱਕਲ ਸੈੱਲ ਬਿਮਾਰੀ ਹੈ;
- ਕਿਸੇ ਬਿਮਾਰੀ ਜਾਂ ਡਾਕਟਰੀ ਇਲਾਜ ਨਾਲ ਇਮਿਊਨ ਸਿਸਟਮ ਕਮਜ਼ੋਰ ਹੋਇਆ ਹੋਵੇ;
- ਸਾਈਰੋਸਿਸ, ਪੁਰਾਣੀ ਹੈਪਾਟਾਈਟਿਸ ਬੀ. ਜਾਂ ਹੈਪਾਟਾਈਟਿਸ ਸੀ. ਸਮੇਤ ਜਿਗਰ ਦੀ ਕੋਈ ਅਤਿ-ਗੰਭੀਰ ਬਿਮਾਰੀ ਹੋਵੇ;
- ਗੁਰਦੇ, ਦਿਲ ਜਾਂ ਫੇਫੜਿਆਂ ਦੀ ਕੋਈ ਪੁਰਾਣੀ ਬਿਮਾਰੀ ਹੋਵੇ;
- ਆਈਲੈੱਟ ਸੈੱਲ ਜਾਂ ਅੰਗਾਂ ਦਾ ਟਰਾਂਸਪਲਾਂਟ ਹੋਇਆ ਹੋਵੇ, ਜਾਂ ਕੌਚਲੀਅਰ (ਅੰਦਰੂਨੀ ਕੰਨ) ਬਦਲਿਆ ਹੈ, ਜਾਂ ਅਜਿਹੇ ਕੁੱਝ ਲਈ ਉਡੀਕ ਕਰ ਰਹੇ ਹਨ;
- ਸਟੈੱਮ ਸੈੱਲ ਦਾ ਟਰਾਂਸਪਲਾਂਟ ਹੋਇਆ ਹੋਵੇ;
- ਮੂੰਹ ਜਾਂ ਗਲੇ ਵਿਚੋਂ ਦ੍ਰਵਾਂ ਨੂੰ ਕੱਢਣਾ ਔਖਾ ਹੋਵੇ;
- ਡਾਇਬਿਟੀਜ਼, ਸਿਸਟਿਕ ਫਾਈਬਰੋਸਿਸ ਜਾਂ ਪੁਰਾਣੀ ਸੈਰੀਬਰੋਸਪਾਈਨਲ ਫਲੂਇਡ ਲੀਕ ਹੋਵੇ।

ਉੱਪਰ ਵਾਲੀ ਕਿਸੇ ਇੱਕ ਮੈਡੀਕਲ ਕੰਡੀਸ਼ਨ ਵਾਲੇ 5 ਸਾਲ ਤੋਂ ਛੋਟੀ ਉਮਰ ਦੇ ਬੱਚੇ ਜਿਨ੍ਹਾਂ ਨੇ ਵੈਕਸੀਨ PCV 7 ਦੀ ਲੜੀ ਲਗਵਾ ਲਈ ਹੈ ਉਨ੍ਹਾਂ ਨੂੰ PCV 13 ਵੈਕਸੀਨ ਦੀ ਵੀ ਇੱਕ ਖ਼ੁਰਾਕ ਲੈਣੀ ਚਾਹੀਦੀ ਹੈ।

ਉੱਪਰ ਵਾਲੀ ਕਿਸੇ ਇੱਕ ਮੈਡੀਕਲ ਕੰਡੀਸ਼ਨ ਵਾਲੇ 2 ਸਾਲ ਦੇ ਬੱਚੇ ਨੂੰ ਨਿਊਮੋਕੋਕਲ ਪੌਲੀਸੈਕਰਾਈਡ ਵੈਕਸੀਨ ਦੀ ਵੀ ਇੱਕ ਖ਼ੁਰਾਕ ਲੈਣੀ ਚਾਹੀਦੀ ਹੈ ਜੋ ਕਈ ਕਿਸਮ ਦੇ ਨਿਊਮੋਕੋਕਲ ਬੈਕਟੀਰੀਏ ਤੋਂ ਬਚਾਅ ਕਰਦੀ ਹੈ। ਹੋਰ ਜ਼ਿਆਦਾ ਜਾਣਕਾਰੀ ਲਈ HealthLink BC (ਹੈੱਲਥਲਿੰਕ ਬੀ.ਸੀ.) ਫ਼ਾਈਲ #62b ਨਿਊਮੋਕੋਕਲ ਪੌਲੀਸੈਕਰਾਈਡ ਵੈਕਸੀਨ ਦੇਖੋ।

ਇਹ ਬੜਾ ਮਹੱਤਵਪੂਰਨ ਹੈ ਕਿ ਸਾਰੀਆਂ ਲਈਆਂ ਗਈਆਂ ਇਮਿਊਨਾਈਜ਼ੇਸ਼ਨਜ਼ ਦਾ ਰਿਕਾਰਡ ਰੱਖਿਆ ਜਾਏ।

## PCV 13 ਵੈਕਸੀਨ ਦੇ ਫ਼ਾਇਦੇ

ਇੱਕ ਗੰਭੀਰ ਬਿਮਾਰੀ ਨਿਊਮੋਕੋਕਲ ਜੋ ਕਦੇ ਕਦੇ ਜਾਨ ਲੇਵਾ ਵੀ ਹੋ ਸਕਦੀ ਹੈ ਉਸ ਵਿਰੁੱਧ PCV 13 ਵੈਕਸੀਨ ਤੁਹਾਡੇ ਬੱਚੇ ਦੀ ਸੁਰੱਖਿਆ ਲਈ ਵਧੀਆ ਤਰੀਕਾ ਹੈ।

ਆਪਣੇ ਬੱਚੇ ਨੂੰ ਵੈਕਸੀਨ ਲਗਵਾ ਕੇ ਤੁਸੀਂ ਹੋਰ ਲੋਕਾਂ ਦੀ ਵੀ ਮਦਦ ਕਰਦੇ ਹੋ।

## PCV 13 ਵੈਕਸੀਨ ਤੋਂ ਮਗਰੋਂ ਦੇ ਸੰਭਵ ਰਿਐਕਸ਼ਨ

ਵੈਕਸੀਨ ਬਹੁਤ ਸੁਰੱਖਿਅਤ ਹਨ। ਨਿਊਮੋਕੋਕਲ ਬਿਮਾਰੀ ਲੱਗਣ ਨਾਲੋਂ ਇਹ ਵੈਕਸੀਨ ਲਵਾ ਲੈਣਾ ਕਿਤੇ ਵਧੇਰੇ ਸੁਰੱਖਿਅਤ ਹੈ।

ਜਿਸ ਥਾਂ ਟੀਕਾ ਲੱਗਿਆ ਹੋਵੇ ਉੱਹ ਥਾਂ ਦੁਖਣਾ, ਲਾਲ ਹੋਣਾ ਅਤੇ ਸੋਜ ਪੈਣਾ ਵੈਕਸੀਨ ਦੇ ਆਮ ਰਿਐਕਸ਼ਨਾਂ ‘ਚ ਸ਼ਾਮਲ ਹੋ ਸਕਦੇ ਹਨ। ਕੁੱਝ ਨੂੰ ਬੁਖ਼ਾਰ ਜਾਂ ਸੁਸਤੀ, ਚਿੜਚਿੜਾਪਣ ਜਾਂ ਭੁੱਖ ਘੱਟ ਜਾਣੀ ਮਹਿਸੂਸ ਹੋ ਸਕਦੀ ਹੈ। ਇਹ ਰਿਐਕਸ਼ਨ ਹਲਕੇ ਹੁੰਦੇ ਹਨ ਅਤੇ ਆਮ ਕਰ ਕੇ 1 ਤੋਂ 2 ਦਿਨ ਤੱਕ ਰਹਿੰਦੇ ਹਨ।

PCV 13 ਵੈਕਸੀਨ ਅਤੇ ਇਨਫ਼ਲੂਐਂਜ਼ਾ ਵੈਕਸੀਨ ਇੱਕੋ ਸਮੇਂ ਲੈਣ ਨਾਲ ਕੈਨੇਡਾ ਵਿਚ ਬੱਚਿਆਂ ਨੂੰ ਬੁਖ਼ਾਰ ਕਾਰਨ ਬੇਹੋਸ਼ੀ ਦੇ ਦੌਰਿਆਂ ਵਿਚ ਕੋਈ ਵਾਧਾ ਨਜ਼ਰ ਨਹੀਂ ਆਇਆ। ਪਰ ਇਹ ਦੋਵੇਂ ਵੈਕਸੀਨ ਇੱਕੱਠੇ ਲੈਣ ਨਾਲ ਅਮਰੀਕਾ ਵਿਚ ਬਹੁਤ ਘੱਟ 2000-3000 ਵਿਚੋਂ 1 ਬੱਚੇ ਨੂੰ ਬੇਹੋਸ਼ੀ ਦੇ ਦੌਰੇ ਪੈ ਹਨ। ਇਹ ਦੌਰੇ ਕੋਈ ਨੁਕਸਾਨ ਵਾਲੇ ਨਹੀਂ ਹੁੰਦੇ।

> **ਐਸੀਟਾਮੀਨੋਫ਼ੇਨ** *(Acetaminophen) ਜਾਂ ਟੈਲੀਨੋਲ (Tylenol®)* ਬੁਖ਼ਾਰ ਲਈ ਅਤੇ ਦੁਖਣ ਤੋਂ ਦਿੱਤੀ ਜਾ ਸਕਦੀ ਹੈ। ASA ਜਾਂ ਐਸਪ੍ਰੀਨ (Aspirin®) ਰਾਈ ਸਿੰਡਰੋਮ ਦੇ ਖ਼ਤਰੇ ਕਾਰਨ 20 ਸਾਲਾਂ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਨੂੰ ਨਹੀਂ ਦਿੱਤੀ ਜਾਣੀ ਚਾਹੀਦੀ।

ਕੋਈ ਵੀ ਵੈਕਸੀਨ ਲੈਣ ਤੋਂ ਮਗਰੋਂ 15 ਮਿੰਟ ਕਲੀਨਿਕ ਵਿਚ ਰੁਕਣਾ ਮਹੱਤਵਪੂਰਨ ਹੈ ਕਿਉਂਕਿ ਭਾਵੇਂ ਬੇਹੱਦ ਹੀ ਘੱਟ ਪਰ ਇੱਕ ਜਾਨ ਦੇ ਖ਼ਤਰੇ ਵਾਲੀ ਐਲਰਜੀ ਦੇ ਰਿਐਕਸ਼ਨ ਦੀ ਸੰਭਾਵਨਾ ਹੁੰਦੀ ਹੈ, ਜਿਸ ਨੂੰ ਐਨਾਫਾਇਲੈਕਸਿਸ ਕਿਹਾ ਜਾਂਦਾ ਹੈ। ਇਸ ਨਾਲ ਛਪਾਕੀ, ਸਾਹ ਲੈਣ ਵਿਚ ਤਕਲੀਫ਼ ਜਾਂ ਗਲੇ, ਜੀਭ ਜਾਂ ਬੁੱਲ੍ਹਾਂ ਦੀ ਸੋਜ ਹੋ ਸਕਦੀ ਹੈ। ਜੇਕਰ ਇੰਜ ਕਲੀਨਿਕ ਵਿਚੋਂ ਨਿਕਲ ਆਉਣ ਤੋਂ ਮਗਰੋਂ ਹੁੰਦਾ ਹੈ ਤਾਂ 9-1-1 ਜਾਂ ਲੋਕਲ ਐਮਰਜੈਂਸੀ ਨੰਬਰ ’ਤੇ ਫ਼ੋਨ ਕਰੋ। ਇਸ ਰਿਐਕਸ਼ਨ ਦਾ ਇਲਾਜ ਹੋ ਸਕਦਾ ਹੈ ਅਤੇ ਇਹ ਵੈਕਸੀਨ ਲੈਣ ਵਾਲੇ ਦਸ ਲੱਖ ਲੋਕਾਂ ਵਿਚੋਂ ਇੱਕ ਤੋਂ ਵੀ ਘੱਟ ਜਣੇ ਨੂੰ ਹੁੰਦਾ ਹੈ।

ਗੰਭੀਰ ਜਾਂ ਅਚਨਚੇਤ ਰਿਐਕਸ਼ਨਾਂ ਦੀ ਰਿਪੋਰਟ ਆਪਣੇ ਸਿਹਤ ਸੇਵਾ ਸੰਭਾਲ ਪ੍ਰਦਾਨ ਕਰਨ ਵਾਲੇ ਨੂੰ ਕਰੋ।

## ਕਿਸ ਨੂੰ PCV 13 ਵੈਕਸੀਨ ਨਹੀਂ ਲੈਣਾ ਚਾਹੀਦਾ?

ਜੇਕਰ ਤੁਹਾਡੇ ਬੱਚੇ ਨੂੰ ਨਿਊਮੋਕੋਕਲ ਵੈਕਸੀਨ ਦੀ ਪਹਿਲਾਂ ਦਿੱਤੀ ਖ਼ੁਰਾਕ ਜਾਂ ਵੈਕਸੀਨ ਵਿਚਲੇ ਕਿਸੇ ਤੱਤ ਕਾਰਨ ਜਾਨ ਦੇ ਖ਼ਤਰੇ ਵਾਲਾ ਰਿਐਕਸ਼ਨ ਹੋਇਆ ਹੋਵੇ ਤਾਂ ਸਿਹਤ ਸੇਵਾ ਸੰਭਾਲ ਪ੍ਰਦਾਨ ਕਰਨ ਵਾਲੇ ਨਾਲ ਗੱਲ ਕਰੋ।

## ਨਿਊਮੋਕੋਕਲ ਇਨਫ਼ੈਕਸ਼ਨ ਕੀ ਹੈ?

ਨਿਊਮੋਕੋਕਲ ਇਨਫ਼ੈਕਸ਼ਨ ਇੱਕ ਜਰਮ ਜਾਂ ਬੈਕਟੀਰੀਆ ਕਾਰਨ ਪੈਦਾ ਹੁੰਦੀ ਹੈ। ਇਸ ਨਾਲ ਗੰਭੀਰ ਅਤੇ ਜਾਨ ਦੇ ਖ਼ਤਰੇ ਵਾਲੀਆਂ ਇਨਫੈਕਸ਼ਨਾਂ ਜਿਨ੍ਹਾਂ ‘ਚ ਮੈਨਿੰਜਾਈਟਿਸ, ਦਿਮਾਗ਼ ਨੂੰ ਢੱਕਣ ਵਾਲੀ ਝਿੱਲੀ ਦੀ ਇਨਫੈਕਸ਼ਨ ਅਤੇ ਸੈਪਟੀਸੇਮੀਆ, ਖ਼ੂਨ ਦੀ ਇਨਫੈਕਸ਼ਨ ਸ਼ਾਮਲ ਹੈ, ਹੋ ਸਕਦੀਆਂ ਹਨ। ਬਿਮਾਰ ਹੋਣ ਵਾਲੇ ਹਰੇਕ 30 ਬੱਚਿਆਂ ਵਿਚੋਂ 1 ਮਰ ਜਾਂਦਾ ਹੈ। ਦਿਮਾਗ਼ ਦਾ ਨੁਕਸਾਨ ਅਤੇ ਬੋਲ਼ਾਪਣ ਇਨਫੈਕਸ਼ਨ ਦੀਆਂ ਸਥਾਈ ਜਟਿਲਤਾਵਾਂ ‘ਚ ਸ਼ਾਮਲ ਹਨ ।

ਨਿਊਮੋਕੋਕਲ ਇਨਫੈਕਸ਼ਨ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਤੱਕ ਖੰਘਣ, ਛਿੱਕਣ ਜਾਂ ਮੂੰਹੋਂ ਮੂੰਹੀਂ ਨਿਕਟ ਸੰਪਰਕ ਦੁਆਰਾ ਫੈਲਦੀ ਹੈ। ਜਦੋਂ ਲੋਕ ਭੋਜਨ ਅਤੇ ਪੀਣ ਵਾਲੀਆਂ ਚੀਜ਼ਾਂ ਸਾਂਝੀਆਂ ਕਰਦੇ ਹਨ ਤਾਂ ਇਹ ਮੂੰਹ ਦੀਆਂ ਰਾਲ਼ਾਂ ਜਾਂ ਥੁੱਕ ਰਾਹੀਂ ਵੀ ਫੈਲ ਸਕਦੀ ਹੈ। ਹੋਰ ਬੱਚਿਆਂ ਦੇ ਵਰਤੇ ਹੋਏ ਸੂਦਰ, ਬੋਤਲਾਂ ਜਾਂ ਖਿਡਾਉਣੇ ਸਾਂਝੇ ਕਰਨ ਨਾਲ ਬਾਲ ਅਤੇ ਬੱਚੇ ਬੀਮਾਰ ਹੋ ਸਕਦੇ ਹਨ।

ਬਚਪਨ ਵੇਲੇ ਦੇ ਬਾਕਾਇਦਾ ਵੈਕਸੀਨੇਸ਼ਨ ਪ੍ਰੋਗਰਾਮਾਂ ਕਾਰਨ ਬੀ.ਸੀ. ਵਿਚ ਹੁਣ ਬੱਚਿਆਂ ਨੂੰ ਨਿਊਮੋਕੋਕਲ ਬਿਮਾਰੀ ਬਹੁਤ ਘੱਟ ਹੁੰਦੀ ਹੈ।

ਇਮਿਊਨਾਈਜ਼ੇਸ਼ਨ ਬਾਰੇ ਹੋਰ ਜ਼ਿਆਦਾ ਜਾਣਕਾਰੀ ਲਈ ਇਮਿਊਨਾਈਜ਼ ਬੀ.ਸੀ. ਦੀ ਵੈੱਬਸਾਈਟ www.immunizebc.ca. ਦੇਖੋ।

BRITISH COLUMBIA ImmunizeBC

BC Centre for Disease Control
AN AGENCY OF THE PROVINCIAL HEALTH SERVICES AUTHORITY

> ਬੀ.ਸੀ. ਹੈਲਥਫਾਈਲ ਦੇ ਹੋਰ ਵਿਸ਼ਿਆਂ ਬਾਰੇ ਜਾਣਨ ਲਈ www.HealthLinkBC.ca/healthfiles/index.stm ਵੇਖੋ ਜਾਂ ਆਪਣੀ ਸਥਾਨਕ ਜਨਤਕ ਸਿਹਤ ਯੂਨਿਟ ਵਿਖੇ ਜਾਓ।
>
> ਗੈਰ-ਹੰਗਾਮੀ ਸਿਹਤ ਜਾਣਕਾਰੀ ਅਤੇ ਬੀ.ਸੀ. ਵਿਚਲੀਆਂ ਸੇਵਾਵਾਂ ਲਈ www.HealthLinkBC.ca ’ਤੇ ਕਲਿੱਕ ਕਰੋ ਜਾਂ **8-1-1** ’ਤੇ ਫੋਨ ਕਰੋ।
>
> ਬੋਲ਼ੇ ਅਤੇ ਉੱਚਾ ਸੁਣਨ ਵਾਲ਼ੇ ਮਦਦ ਲਈ ਬੀ.ਸੀ. ਵਿੱਚ **7-1-1** ’ਤੇ ਫੋਨ ਕਰ ਸਕਦੇ ਹਨ।
>
> ਮੰਗੇ ਜਾਣ ’ਤੇ 130 ਤੋਂ ਵੱਧ ਬੋਲੀਆਂ ਵਿੱਚ ਅਨੁਵਾਦ ਦੀਆਂ ਸੇਵਾਵਾਂ ਉਪਲਬਧ ਹਨ।